# ਮੂੰਹ ਰਾਹੀਂ ਲੈਣ ਵਾਲੇ ਐਂਟੀਵਾਇਰਲ ਕਿਹੜੇ ਹਨ?

## ਕੋਵਿਡ-19 ਤੋਂ ਵਿਅਕਤੀ ਨੂੰ ਠੀਕ ਕਰਨ ਵਿੱਚ ਮਦਦ ਕਰਨ ਵਾਲੀਆਂ ਗੋਲੀਆਂ।

ਜੇਕਰ ਤੁਹਾਨੂੰ ਗੰਭੀਰ ਕੋਵਿਡ-19 ਹੋਣ ਦਾ ਖਤਰਾ ਹੈ ਅਤੇ ਤੁਹਾਡਾ ਪਿਛਲੇ 5 ਦਿਨਾਂ ਦੇ ਅੰਦਰ ਕੋਵਿਡ-19 ਦਾ ਟੈਸਟ ਪਾਜ਼ੀਟਿਵ ਆਇਆ ਹੈ, ਤਾਂ ਤੁਸੀਂ ਡਾਕਟਰ ਦੀ ਸਲਾਹ ਅਨੁਸਾਰ ਮੂੰਹ ਰਾਹੀਂ ਲੈਣ ਵਾਲੀਆਂ ਐਂਟੀਵਾਇਰਲ ਗੋਲੀਆਂ ਲੈਣ ਬਾਰੇ ਵਿਚਾਰ ਕਰ ਸਕਦੇ ਹੋ। ਦੋ ਤਰ੍ਹਾਂ ਦੇ ਇਲਾਜ ਉਪਲਬਧ ਹਨਛਛ: Paxlovid™ (Pfizer) ਅਤੇ legevirio (Merck). ਤੁਹਾਡੀ ਉਮਰ, ਸਿਹਤ ਇਤਿਹਾਸ, ਅਤੇ ਤੁਹਾਨੂੰ ਲੱਛਣ ਕਿੰਨੇ ਸਮੇਂ ਤੋਂ ਹਨ, ਦੇ ਆਧਾਰ 'ਤੇ ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਤਰ੍ਹਾਂ ਦਾ ਕੋਵਿਡ-19 ਇਲਾਜ ਲੈਣ ਦੇ ਯੋਗ ਹੋ ਸਕਦੇ ਹੋ।

ਮੂੰਹ ਰਾਹੀਂ ਲਿਆ ਜਾਣ ਵਾਲਾ ਐਂਟੀਵਾਇਰਲ ਇਲਾਜ ਤੁਹਾਡੇ ਸਰੀਰ ਵਿੱਚ SARS-CoV-2 ਵਾਇਰਸ (ਵਾਇਰਸ ਜੋ ਕੋਵਿਡ-19 ਦਾ ਕਾਰਨ ਬਣਦਾ ਹੈ) ਨੂੰ ਤੁਹਾਡੇ ਸਰੀਰ ਵਿੱਚ ਵਧਣ ਤੋਂ ਰੋਕ ਕੇ, ਤੁਹਾਡੇ ਸਰੀਰ ਵਿੱਚ ਵਾਇਰਸ ਦੀ ਮਾਤਰਾ ਨੂੰ ਘਟਾ ਕੇ, ਜਾਂ ਤੁਹਾਡੇ ਰੋਗ ਪ੍ਰਤੀਰੋਧਕ ਸਿਸਟਮ ਦੀ ਮਦਦ ਕਰਕੇ ਤੁਹਾਡੇ ਸਰੀਰ ਦੀ ਕੋਵਿਡ-19 ਨਾਲ ਲੜਨ ਵਿੱਚ ਮਦਦ ਕਰ ਸਕਦਾ ਹੈ। ਇਲਾਜ ਕਰਵਾਉਣ ਨਾਲ, ਤੁਹਾਡੇ ਵਿੱਚ ਗੰਭੀਰ ਲੱਛਣ ਘੱਟ ਹੋ ਸਕਦੇ ਹਨ ਅਤੇ ਤੁਹਾਡੀ ਬਿਮਾਰੀ ਦੇ ਵਿਗੜਨ ਅਤੇ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਸੰਭਾਵਨਾ ਵੀ ਘੱਟ ਸਕਦੀ ਹੈ।

## • ਮੈਂ ਐਂਟੀਵਾਇਰਲ ਨੂੰ ਮੂੰਹ ਰਾਹੀਂ ਕਿਵੇਂ ਲੈ ਸਕਦਾ/ਸਕਦੀ ਹਾਂ?

ਮੂੰਹ ਰਾਹੀਂ ਲਿਆ ਜਾਣ ਵਾਲਾ ਐਂਟੀਵਾਇਰਲ ਇਲਾਜ ਲੈਣ ਦਾ ਮਤਲਬ ਹੈ ਕਿ ਤੁਸੀਂ ਗੋਲੀਆਂ ਲੈ ਰਹੇ ਹੋਵੋਗੇ। ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਦਿੱਤੀਆਂ ਹਿਦਾਇਤਾਂ ਅਨੁਸਾਰ ਮੂੰਹ ਰਾਹੀਂ ਲਿਆ ਜਾਣ ਵਾਲਾ ਐਂਟੀਵਾਇਰਲ ਇਲਾਜ ਲੈਣਾ ਚਾਹੀਦਾ ਹੈ। ਖ਼ੁਰਾਕਾਂ ਲੈਣਾ ਨਾ ਭੁੱਲੋ, ਜੇ ਤੁਸੀਂ ਕੋਈ ਖ਼ੁਰਾਕ ਲੈਣਾ ਭੁੱਲ ਜਾਂਦੇ ਹੋ ਤਾਂ ਅਤਿਰਿਕਤ ਖ਼ੁਰਾਕਾਂ ਲੈ ਲਓ। ਜਦੋਂ ਤੱਕ ਤੁਸੀਂ ਉਹਨਾਂ ਨੂੰ ਪੂਰਾ ਨਹੀਂ ਕਰ ਲੈਂਦੇ ਜਾਂ ਜਦੋਂ ਤੱਕ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਨਹੀਂ ਰੋਕਦਾ ਉਦੋਂ ਤੱਕ ਤੁਹਾਨੂੰ ਹਿਦਾਇਤਾਂ ਅਨੁਸਾਰ ਸਾਰਾ ਇਲਾਜ ਲੈਣਾ ਚਾਹੀਦਾ ਹੈ। ਮੂੰਹ ਰਾਹੀਂ ਲੈਣ ਵਾਲੇ ਐਂਟੀਵਾਇਰਲਾਂ ਨੂੰ ਭੋਜਨ ਦੇ ਨਾਲ ਜਾਂ ਬਿਨਾਂ ਲਿਆ ਜਾ ਸਕਦਾ ਹੈ ਅਤੇ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਗੋਲੀਆਂ ਨੂੰ ਤੋੜੇ ਜਾਂ ਭੰਨੇ ਬਿਨਾਂ, ਪੂਰਾ ਹੀ ਨਿਗਲ ਲਿਆ ਜਾਵੇ।

## • ਜੇਕਰ ਮੈਨੂੰ ਪੁਰਾਣੀਆਂ ਬਿਮਾਰੀਆਂ ਜਿਵੇਂ ਕਿ ਗੁਰਦੇ ਜਾਂ ਲੀਵਰ ਸੰਬੰਧੀ ਸਮੱਸਿਆਵਾਂ ਹੋਣ ਤਾਂ ਕੀ ਹੋਵੇਗਾ?

ਕੋਈ ਵੀ ਦਵਾਈ ਲੈਣ ਤੋਂ ਪਹਿਲਾਂ, ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਆਪਣੇ ਸਿਹਤ ਇਤਿਹਾਸ ਬਾਰੇ ਚਰਚਾ ਕਰ ਲੈਣੀ ਚਾਹੀਦੀ ਹੈ। ਇਸ ਵਿੱਚ ਉਹਨਾਂ ਨੂੰ ਤੁਹਾਡੀਆਂ ਪਹਿਲਾਂ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਸਿਹਤ ਸਥਿਤੀਆਂ ਅਤੇ ਡਾਕਟਰ ਵੱਲੋਂ ਦੱਸੀਆਂ ਦਵਾਈਆਂ, ਬਿਨਾਂ ਡਾਕਟਰੀ ਸਲਾਹ ਵਾਲੀਆਂ ਦਵਾਈਆਂ, ਵਿਟਾਮਿਨ ਅਤੇ ਪੂਰਕ ਜੋ ਤੁਸੀਂ ਲੈ ਰਹੇ ਹੋ ਬਾਰੇ ਦੱਸਣਾ ਸ਼ਾਮਲ ਹੈ।

ਕਿਸੇ ਵੀ ਤਰ੍ਹਾਂ ਦੀਆਂ ਗੁਰਦੇ ਜਾਂ ਜਿਗਰ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਨੂੰ ਮੂੰਹ ਰਾਹੀਂ ਲੈਣ ਵਾਲੀ ਐਂਟੀਵਾਇਰਲ ਦਵਾਈ ਲੈਣ ਤੋਂ ਪਹਿਲਾਂ ਆਪਣੀ ਸਥਿਤੀ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਹ ਫੈਸਲਾ ਕਰ ਸਕਦਾ ਹੈ ਕਿ ਕੀ ਤੁਹਾਡੇ ਲਈ ਮੂੰਹ ਰਾਹੀਂ ਲੈਣ ਵਾਲਾ ਐਂਟੀਵਾਇਰਲ ਇਲਾਜ ਸਹੀ ਹੈ ਜਾਂ ਨਹੀਂ ਅਤੇ ਤੁਹਾਡੇ ਲਈ ਖ਼ੁਰਾਕ ਦੀ ਕਿੰਨੀ ਮਾਤਰਾ ਸਹੀ ਹੈ। ਕੁਝ ਖ਼ਾਸ ਸਥਿਤੀਆਂ ਵਾਲੇ ਲੋਕਾਂ ਲਈ ਕੁਝ ਇਲਾਜਾਂ ਦੀ ਸਿਫ਼ਾਰਸ਼ ਨਹੀਂ ਕੀਤੀ ਜਾ ਸਕਦੀ।

## • ਜੇਕਰ ਮੈਂ ਮੂੰਹ ਰਾਹੀਂ ਲੈਣ ਵਾਲਾ ਐਂਟੀਵਾਇਰਲ ਇਲਾਜ ਲੈਣ ਲਈ ਯੋਗ ਨਹੀਂ ਹਾਂ ਤਾਂ ਕੀ ਹੋਵੇਗਾ?

ਤੁਸੀਂ ਮੂੰਹ ਰਾਹੀਂ ਲੈਣ ਵਾਲੇ ਐਂਟੀਵਾਇਰਲ ਇਲਾਜ ਲੈਣ ਲਈ ਯੋਗ ਨਹੀਂ ਹੋ ਜਾਂ ਇਹ ਤੁਹਾਡੇ ਲਈ ਸਹੀ ਨਹੀਂ ਹੈ, ਇਹ ਫੈਸਲਾ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਹੀ ਕਰ ਸਕਦਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਹੋ ਸਕਦਾ ਹੈ ਕਿ ਤੁਸੀਂ ਸਾਰੇ ਯੋਗਤਾ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹੋਵੋ, ਜਾਂ ਤੁਹਾਡੀ ਕੋਈ ਅਜਿਹੀ ਸਿਹਤ ਸਥਿਤੀ ਹੋ ਸਕਦੀ ਹੈ ਜੋ ਕੁਝ ਤਰ੍ਹਾਂ ਦੇ ਇਲਾਜ ਲੈਣ ਲਈ ਢੁਕਵੀਂ ਨਹੀਂ ਵੀ ਹੋ ਸਕਦੀ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਉਹਨਾਂ ਇਲਾਜ ਵਿਕਲਪਾਂ ਬਾਰੇ ਚਰਚਾ ਕਰੋ ਜੋ ਤੁਹਾਡੇ ਲਈ ਸਭ ਤੋਂ ਵਧੀਆ ਹਨ।

DOH 825-029 May 2022 Punjabi

ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਦੀ ਬੇਨਤੀ ਕਰਨ ਲਈ, 1-800-525-0127 'ਤੇ ਕਾਲ ਕਰੋ। ਬਹਿਰੇ ਜਾਂ ਉੱਚਾ ਸੁਣਨ ਵਾਲੇ ਗਾਹਕ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ mailto:ecivil.rights@doh.wa.gov 'ਤੇ ਈਮੇਲ ਕਰੋ।